# ਕੰਮਪਿਊਟਰ ਦੀ ਮੁਡਲੀ ਜਾਣਕਾਰੀ ਲਈ ਹੈਂਡਆਉਟ

**Handout for Computer Basics**

## ਕੀ-ਬੋਰਡ




## ਸ਼ਾਰਟਕੱਟ ਆਇਕਾਨ (ICON) ਤੋਂ ਕਿਸੇ ਪ੍ਰੋਗਰਾਮ ਨੂੰ ਸ਼ੁਰੂ ਕਰਨਾ

ਤੁਹਾਡੇ ਕੰਮਪਿਊਟਰ ਦੇ ਸਟਾਰਟ/ਲਾੱਗ ਇਨ (login) ਹੋਣ ਤੋਂ ਬਾਦ ਤੁਸੀਂ ਸਭ ਤੋਂ ਪਹਿਲਾਂ ਆਪਣੀ ਡੇਸਕ ਟੱਪ ਸਕਰੀਨ (desktop screen) ਦੇਖਦੇ ਹੋ। ਆਮਤੋਰ ਤੇ ਇਸ ਸਕਰੀਨ ਉਤੇ ਤਸੀਂ ਤੀਰ ਦੇ ਨਿਸ਼ਾਨ ਵਾਲੇ ਸ਼ਾਰਟਕੱਟ ਆਇਕਾਨ ਦੇਖਦੇ ਹੋ। ਇਹਨਾ ਆਇਕਾਨਜ਼ ਦੇ ਨਾਲ ਤੁਸੀਂ ਆਪਣੀ ਡੇਸਕ ਟੱਪ ਸਕਰੀਨ ਤੋਂ ਆਪਣੇ ਕੰਮਪਿਊਟਰ ਪ੍ਰੋਗਰਾਮ ਖੋਲ ਸਕਦੇ ਹੋ। ਤੁਸੀਂ ਆਪਣੇ ਡੇਸਕ ਟੱਪ ਤੇ ਵੱਖ-ਵੱਖ ਤਰਾਂ ਦੇ ਪ੍ਰੋਗਰਾਮਾਂ ਅਤੇ ਫਾਇਲਾਂ ਦੇ ਸ਼ਾਰਟਕੱਟ ਆਇਕਾਨ ਬਣਾ ਸਕਦੇ ਹੋ।




ਇਹ ਸ਼ਾਰਟਕੱਟ ਆਇਕਾਨ ਇੰਨਟਰਨੈੱਟ ਐਕਸਪਲੋਰਰ (Internet Explorer) ਦਾ ਹੈ, ਜੋ ਕਿ ਤੁਸੀਂ ਇੰਨਟਰਨੈੱਟ ਤੇ ਵੱਖ-ਵੱਖ ਵੈਬ ਸਾਇਟਸ (websites) ਦੇਖਣ ਲਈ ਵਰਤਦੇ ਹੋ।
ਇਸ ਆਇਕਾਨ ਉੱਤੇ ਇੱਕ ਤੀਰ ਦਾ ਨਿਸ਼ਾਨ ਹੈ ਜਿਸਦਾ ਮਤਲਬ ਹੈ ਕਿ ਇਹ ਪ੍ਰੋਗਰਾਮ ਦਾ ਸ਼ਾਰਟਕੱਟ ਹੈ।

## ਵਿੰਡੋਜ਼ ਨੂੰ ਮੈਨੇਜ ਕਰਨਾ (Managing Windows)




**ਮਿਨੀਮਾਇਜ਼ (ਛੋਟਾ ਕਰਨਾ)** ਕਿਸੇ ਸਕਰੀਨ ਨੂੰ ਛੋਟਾ ਕਰਨ ਲਈ ਆਪਣੇ ਮਾਊਸ ਦੇ ਤੀਰ ਨੂੰ ਇਸ ਨਿਸ਼ਾਨ ਉਤੇ ਲਿਆ ਕੇ ਖੱਬਾ ਬਟਨ ਦਬਾਉ। ਇਹ ਬਟਨ ਕਿਸੇ ਪ੍ਰੋਗਰਾਮ ਨੂੰ ਬੰਦ ਨਹੀਂ ਕਰਦਾ ਬਲਕਿ ਛੋਟਾ ਕਰਕੇ ਤੁਹਾਡੀ ਸਕਰੀਨ ਦੀ ਟਾਸਕ ਬਾਰ ਤੇ ਰੱਖ ਦਿੰਦਾ ਹੈ। ਕਿਸੇ ਛੋਟੇ ਕੀਤੇ ਪ੍ਰੋਗਰਾਮ ਨੂੰ ਦੁਬਾਰਾ ਖੋਲਣ ਲਈ, ਟਾਸਕ ਬਾਰ ਤੇ ਉਸ ਪ੍ਰੋਗਰਾਮ ਦੇ ਬੌਕਸ ਤੇ ਕਲਿੱਕ ਕਰੋ।




**ਮੈਕਸੀਮਾਇਜ਼ (ਵੱਡਾ ਕਰਨਾ)** ਕਿਸੇ ਸਕਰੀਨ ਨੂੰ ਵੱਡਾ ਕਰਨ ਲਈ ਆਪਣੇ ਮਾਊਸ ਦੇ ਤੀਰ ਨੂੰ ਇਸ ਨਿਸ਼ਾਨ ਉਤੇ ਲਿਆ ਕੇ ਖੱਬਾ ਬਟਨ ਦਬਾਉ। ਜਦ ਸਕਰੀਨ ਵੱਡੀ ਹੋ ਜਾਂਦੀ ਹੈ ਤਾਂ ਇਹ ਬਟਨ ਇਸ ਬਟਨ  ਵਿੱਚ ਤਬਦੀਲ ਹੋ ਜਾਂਦਾ ਹੈ, ਜਿਸ ਦਾ ਮੱਤਲਬ ਕਿ ਸਕਰੀਨ ਨੂੰ ਦੁਬਾਰਾ ਪਹਿਲਾਂ ਵਾਲੇ ਅਕਾਰ ਵਿੱਚ ਲੈ ਜਾਇਆ ਜਾ ਸਕਦਾ ਹੈ।




**ਕਲੋਜ਼ (ਬੰਦ ਕਰਨਾ)** ਕਿਸੇ ਵੀ ਚੱਲ ਰਹੇ ਪ੍ਰੋਗਰਾਮ ਨੂੰ ਬੰਦ ਕਰਨ ਲਈ ਆਪਣੇ ਮਾਊਸ ਦੇ ਤੀਰ ਨੂੰ ਇਸ ਨਿਸ਼ਾਨ ਉਤੇ ਲਿਆ ਕੇ ਖੱਬਾ ਬਟਨ ਦਬਾਉ।

## ਵਿੰਡੋਜ਼ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣਾ (Moving Windows)

ਆਪਣੇ ਮਾਊਸ ਦੇ ਤੀਰ ਨੂੰ ਕਿਸੇ ਵੀ ਖੁਲੇ ਹੋਏ ਪ੍ਰੋਗਰਾਮ ਦੀ ਸਕਰੀਨ ਦੇ ਟਾਇਟਲ ਬਾਰ ਉਤੇ ਕਿਸੇ ਵੀ ਥਾਂ ਲਿਆ ਕੇ ਮਾਊਸ ਦੇ ਖੱਬੇ ਬਟਨ ਨਾਲ




ਕਲਿੱਕ ਕਰੋ ਤੇ ਉਸ ਨੂੰ ਦੱਬ ਕੇ ਰਖਦੇ ਹੋਏ ਮਾਊਸ ਨੂੰ ਖੱਬੇ-ਸੱਜੇ ਜਾਂ ਉੱਪਰ-ਨਿੱਚੇ ਵੱਲ ਲੈ ਕੇ ਜਾਉ, ਤੁਹਾਡੀ ਸਕਰੀਨ ਵੀ ਤੁਹਾਡੇ ਮਾਊਸ ਦੇ ਤੀਰ ਦੀ ਦਿਸ਼ਾ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਵੇਗੀ।

## ਮੈਂ ਮੇਰੀ ਫਾਇਲ ਕਿੱਥੇ ਸੇਵ ਕੀਤੀ ਹੈ?

ਜਦੋਂ ਤੁਸੀਂ ਕਿਸੇ ਫਾਇਲ ਨੂੰ ਸੇਵ ਕਰਦੇ ਹੋ ਤਾਂ ਤੁਹਾਡੀ ਫਾਇਲ ਕੰਮਪਿਊਟਰ ਤੇ ਕਿਸੇ ਖਾਸ ਥਾਂ ਤੇ ਸੰਭਾਲੀ ਜਾਂਦੀ ਹੈ, ਠੀਕ ਉਸੇ ਤਰਾਂ ਜਿਵੇਂ ਤੁਸੀ ਕਿਸੇ ਹੱਥ ਲਿਖਤ ਪੇਪਰ ਜਾਂ ਫਾਇਲ ਨੂੰ ਕਿਸੇ ਅਲਮਾਰੀ ਵਿੱਚ ਸਾਂਭ ਕੇ ਰੱਖਦੇ ਹੋਂ।

ਆਪਣੇ ਡੇਸਕ ਟੱਪ, ਦਸਤਾਵੇਜ਼, ਤਸਵੀਰਾਂ ਅਤੇ ਸੰਗੀਤ ਨੂੰ ਦੇਖਣ ਲਈ ਕੰਮਪਿਊਟਰ ਸਕਰੀਨ ਤੇ ਖੱਬੇ ਥੱਲੇ ਵਾਲੇ ਪਾਸੇ ਵਿੰਡੋਜ ਦੇ ਗੋਲ ਬਟਨ ਤੇ ਕਲਿੱਕ ਕਰੋ।







## ਹੋਰ ਸਹਾਇਤਾ ਲਈ

ਇਹਨਾਂ ਵੈੱਬਸਾਇਟਸ ਤੇ ਜਾਵੋ:

http://www.gcflearnfree.org/computerbasics
http://digitallearn.org/learn
http://www.teachparentstech.org/watch